Notice of expulsion - unsatisfactory participation in learning for students aged 17 years and over

Using the telephone interpreter service to contact the school

# ਸਕੂਲੋਂ ਬਾਹਰ ਕੱਢਣ ਦਾ ਨੋਟਿਸ - 17 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਦੁਆਰਾ ਪੜ੍ਹਾਈ ਵਿੱਚ ਸੰਤੋਸ਼ਜਨਕ ਹਿੱਸਾ ਨਾ ਲੈਣਾ

## ਸਕੂਲ ਨਾਲ ਸੰਪਰਕ ਕਰਨ ਲਈ ਟੈਲੀਫ਼ੋਨ ਦੁਭਾਸ਼ੀਆ ਸੇਵਾ ਦੀ ਵਰਤੋਂ ਕਰਨਾ

ਵਿਦਿਆਰਥੀ ਦਾ ਨਾਮ

Name of student

ਸਤਿਕਾਰਯੋਗ ਮਾਪਿਓ/ਸੰਭਾਲ ਕਰਨ ਵਾਲਿਓ

ਇਸ ਨਾਲ ਨੱਥੀ ਕੀਤੀ ਚਿੱਠੀ ਵਿੱਚ ਸਕੂਲੋਂ ਬਾਹਰ ਕੱਢਣ ਦੇ ਨੋਟਿਸ ਦੇ ਵੇਰਵਿਆਂ ਬਾਰੇ ਦੱਸਿਆ ਗਿਆ ਹੈ - ਸੰਤੋਸ਼ਜਨਕ ਹਿੱਸਾ ਨਾ ਲੈਣਾ ਜੋ ਮੈਂ NSW ਦੇ ਸਿੱਖਿਆ ਵਿਭਾਗ ਦੀ ਵਿਦਿਆਰਥੀ ਵਿਵਹਾਰ ਨੀਤੀ ਅਤੇ ਮੁਅੱਤਲੀ ਅਤੇ ਬਾਹਰ ਕੱਢਣ ਦੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਤੁਹਾਡੇ ਬੱਚੇ ਨੂੰ ਜਾਰੀ ਕੀਤੀ ਹੈ।

ਤੁਹਾਡਾ ਬੱਚਾ ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ ਇਸ ਸਕੂਲ ਵਿੱਚ ਵਾਪਸ ਨਹੀਂ ਆ ਸਕੇਗਾ। ਜੇ ਤੁਸੀਂ ਚਾਹੁੰਦੇ ਹੋ ਕਿ ਉਹ ਪੜ੍ਹਾਈ ਜਾਰੀ ਰੱਖਣ ਤਾਂ ਆਪਣੇ ਬੱਚੇ ਲਈ ਪੜ੍ਹਨ ਵਾਸਤੇ ਦੂਸਰੀ ਢੁੱਕਵੀਂ ਜਗ੍ਹਾ ਲੱਭਣਾ ਤੁਹਾਡੀ ਜ਼ਿੰਮੇਵਾਰੀ ਹੈ। ਜੇ ਤੁਹਾਨੂੰ ਸੰਭਾਵਿਤ ਵਿਕਲਪਾਂ ਬਾਰੇ ਸਲਾਹ ਦੀ ਲੋੜ ਹੈ ਤਾਂ ਤੁਸੀਂ ਸਕੂਲ ਨਾਲ ਸੰਪਰਕ ਕਰ ਸਕਦੇ ਹੋ।

ਜੇ ਤੁਹਾਡੇ ਬੱਚੇ ਨੂੰ ਸਕੂਲੋਂ ਕੱਢ ਦਿੱਤਾ ਜਾਂਦਾ ਹੈ ਤਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ, ਇਸ ਬਾਰੇ ਜਾਣਕਾਰੀ ਨਾਲ ਨੱਥੀ ਕੀਤੀ ਗਈ ਹੈ।

ਸਕੂਲ ਨਾਲ ਸੰਪਰਕ ਕਰਦੇ ਸਮੇਂ ਜੇ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ, ਅਤੇ ਉਹ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਮਦਦ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਉਣਗੇ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

ਪ੍ਰਿੰਸੀਪਲ ਦਾ ਨਾਮ

Name of Principal

ਪ੍ਰਿੰਸੀਪਲ ਦਾ ਫ਼ੋਨ ਨੰਬਰ

Principal's phone number